Punjabi

# ਸ਼ੁਰੂ ਵਿਚ ਬੋਲੀ Early Language

## ਜਦੋਂ ਤੁਹਾਡਾ ਬੱਚਾ ਆਵਾਜ਼ਾਂ ਬਣਾਉਂਦਾ ਹੈ ਅਤੇ ਇਸ਼ਾਰੇ ਕਰਦਾ ਹੈ...

## When your child is making sounds and using gestures…



✔ ਬੱਚੇ ਵਲੋਂ ਸੰਪਰਕ ਕਰਨ **ਦੀਆਂ ਸਾਰੀਆਂ ਕੋਸ਼ਿਸ਼ਾਂ ਦਾ ਜੁਆਬ** ਦਿਓ।

ਯਾਦ ਰੱਖੋ: ਜੁਆਬ ਦੇਣ ਦਾ ਮਤਲਬ ਹੈ ਇਸ਼ਾਰੇ ਕਰੋ, ਆਵਾਜ਼ਾਂ ਕਰੋ ਅਤੇ ਸ਼ਬਦ ਬੋਲੋ।

✔ ਬੱਚੇ ਦੀ ਦਿਲਚਸਪੀ ਵੱਲ **ਧਿਆਨ ਦਿਓ** ਅਤੇ ਉਨ੍ਹਾਂ ਚੀਜ਼ਾਂ ਬਾਰੇ ਬੋਲੋ। ਬੱਚੇ ਵੱਲੋਂ ਦਿੱਤੀ ਲੀਡ ਅਨੁਸਰਨ ਚੱਲੋ।

✔ ਆਪਣੇ ਆਪ ਨੂੰ ਬੱਚੇ ਦੇ ਪੱਧਰ ਤੇ ਲੈ ਜਾਓ। ਬੱਚੇ ਦੇ **ਆਹਮੋ ਸਾਹਮਣੇ** ਹੋਵੋ।

✔ **ਉਹ ਸ਼ਬਦ ਬੋਲੋ** ਜੋ ਤੁਹਾਡਾ ਬੱਚਾ ਨਹੀਂ ਜਾਣਦਾ ਜਾਂ ਨਹੀਂ ਬੋਲ ਸਕਦਾ।

ਜੇ ਤੁਹਾਡਾ ਬੱਚਾ ਕੁੱਕੀ ਵਲ ਇਸ਼ਾਰਾ ਕਰ ਕੇ "*ਉਹ*" ਕਹੇ ਤਾਂ ਤੁਸੀਂ ਕਹੋ "*ਕੁੱਕੀ!*"

✔ ਉਹ ਸ਼ਬਦ ਬੋਲੋ ਜੋ ਤੁਹਾਡੇ ਬੱਚੇ ਲਈ **ਲਾਭਦਾਇਕ** ਹੋਣ।

ਇਸ ਸਮੇਂ ਤੁਹਾਡੇ ਬੱਚੇ ਲਈ ਪਰਵਾਰ ਦੇ ਮੈਂਬਰਾਂ, ਖਿਡਾਉਣਿਆਂ, ਖਾਣਿਆਂ, ਕੱਪੜਿਆਂ ਅਤੇ ਇਸ਼ਾਰਿਆਂ ਦੇ ਨਾਵਾਂ ਦੀ ਵਰਤੋਂ ਕਰਨਾ ਮਹੱਤਵਪੂਰਨ ਹੈ।

ਤੁਹਾਡੇ ਬੱਚੇ ਲਈ "ਕਿਰਪਾ ਕਰ ਕੇ", "ਧੰਨਵਾਦ" ਅਤੇ ਨੰਬਰ, ਅੱਖਰਾਂ ਅਤੇ ਰੰਗਾਂ ਦੇ ਨਾਮਾਂ ਦੀ ਵਰਤੋਂ ਕਰਨਾ ਜ਼ਿਆਦਾ ਮਹੱਤਵਪੂਰਨ ਨਹੀਂ।

✔ **ਦੁਹਰਾਓ**, **ਦੁਹਰਾਓ**, **ਦੁਹਰਾਓ**।

ਤੁਹਾਡੇ ਬੱਚੇ ਨੂੰ ਸ਼ਬਦ ਸਿੱਖਣ ਲਈ ਕਈ ਵਾਰ ਸੁਣਨਾ ਪੈਂਦਾ ਹੈ।

ਤੁਸੀਂ ਕਹਿ ਸਕਦੇ ਹੋ *"ਪਾਣੀ ਚਾਹੀਦਾ ਹੈ?", 'ਪਾਣੀ ਦਿਆਂ", "ਪਾਣੀ ਪੀਓ"।*

✔ ਆਪਣੇ ਵਾਕ **ਛੋਟੇ ਅਤੇ ਸਰਲ** ਰੱਖੋ।

ਮਿਸਾਲ ਲਈ, *' ਬੂਟ ਉਤਾਰੋ", "ਦਰਵਾਜ਼ਾ ਖੋਲ੍ਹੋ", "ਕੁੱਕੀ ਲੈਣੀ ਏ?"।*

✔ ਆਪਣੇ ਬੱਚੇ ਨੂੰ ਗੱਲ ਬਾਤ ਕਰਨ ਲਈ **ਸਮਾਂ** ਦਿਓ।

ਜੇ ਕੱਪ ਫ਼ਰਸ਼ ਤੇ ਡਿਗ ਪਵੇ ਤਾਂ ਬੱਚੇ ਨੂੰ ਅੱਖਾਂ ਦੇ ਇਸ਼ਾਰੇ ਨਾਲ, ਆਵਾਜ਼ ਨਾਲ ਜਾਂ ਸ਼ਬਦ ਨਾਲ ਪ੍ਰਤੀਕ੍ਰਿਆ ਕਰਨ ਦਾ ਸਮਾਂ ਦਿਓ।

✔ ਆਪਣੇ ਬੱਚੇ ਨੂੰ ਗੱਲ ਬਾਤ ਕਰਨ ਦੇ **ਮੌਕੇ ਦਿਓ।**

ਮਿਸਾਲ ਲਈ:

- ਆਪਣੇ ਬੱਚੇ ਨੂੰ ਕੇਲੇ ਦਾ ਇੱਕ ਛੋਟਾ ਜਿਹਾ ਟੁਕੜਾ ਦਿਓ ਅਤੇ ਇੰਤਜ਼ਾਰ ਕਰੋ ਕਿ ਉਹ ਹੋਰ ਮੰਗੇ।
- ਆਪਣੇ ਬੱਚੇ ਦਾ ਮਨ ਪਸੰਦ ਖਿਡਾਉਣਾ ਇੱਕ ਪਾਰਦਰਸ਼ੀ ਬੰਦ ਜਾਰ ਵਿਚ ਰੱਖੋ ਅਤੇ ਇੰਤਜ਼ਾਰ ਕਰੋ ਕਿ ਬੱਚਾ ਉਸ ਨੂੰ ਮੰਗੇ।

**ਹੋਰ ਜ਼ਿਆਦਾ ਜਾਣਕਾਰੀ ਲਈ**
ਬੋਲੀ ਬੋਲਣ ਦੇ ਮਾਹਿਰ ਨੂੰ ਸੰਪਰਕ ਕਰੋ
ਜਾਂ
ਆਪਣੀ ਲੋਕਲ ਹੈਲਥ ਯੂਨਿਟ ਨੂੰ ਸੰਪਰਕ ਕਰੋ

www.fraserhealth.ca

ਇਹ ਜਾਣਕਾਰੀ ਤੁਹਾਡੇ ਸਿਹਤ ਸੇਵਾ ਸੰਭਾਲ ਕਰਨ ਵਾਲੇ ਵਲੋਂ ਦਿੱਤੀ ਸਲਾਹ ਦਾ ਬਦਲ ਨਹੀਂ[

Catalogue #265242 (May 2016) Punjabi
To order: patienteduc.fraserhealth.ca